ਗੁੱਡ ਮੌਰਨਿੰਗ। ਏ-ਸਵੇਇਲ।

ਅੱਜ 9 ਨਵੰਬਰ ਹੈ ਅਤੇ ਮੈਂ ਤੁਹਾਨੂੰ ਇਸ ਹਫਤੇ ਹੋਰ ਜਾਣਕਾਰੀ ਦੇਣਾ ਚਾਹੁੰਦਾ ਹਾਂ। ਸਿਹਤ ਬਾਰੇ ਨਵੇਂ ਹੁਕਮ ਜਾਰੀ ਹੋਏ ਹਨ, ਅਤੇ ਮੈਂ ਇਨ੍ਹਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਕੀ ਅਰਥ ਹੈ ਅਤੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਖੁੱਲ੍ਹਣ ਵਾਲੇ ਦਿਨ ਤੋਂ ਲੈ ਕੇ ਹੁਣ ਤੱਕ ਅਸੀਂ ਸਕੂਲਾਂ ਵਿੱਚ ਕੀ ਦੇਖਿਆ ਹੈ।

ਸਭ ਤੋਂ ਪਹਿਲੀ ਅਤੇ ਮੁੱਖ ਗੱਲ ਇਹ ਹੈ ਕਿ ਸਾਡੇ ਕੇਸ ਵੱਧ ਰਹੇ ਹਨ। ਅਸੀਂ ਸਤੰਬਰ ਵਿੱਚ ਇਕ ਦਿਨ ਵਿੱਚ 100-150 ਕੇਸ ਹੋਣ ਦੀ ਗਿਣਤੀ ਹੋਣ ਦੀ ਥਾਂ ਹੁਣ ਇਕ ਦਿਨ ਵਿੱਚ 400 ਤੋਂ 500 ਕੇਸ ਹੋਣ ਦੀ ਗਿਣਤੀ ਤੱਕ ਪਹੁੰਚ ਗਏ ਹਾਂ, ਅਤੇ ਨਿਰਸੰਦੇਹ ਹੀ ਇਹ ਸਾਡੇ ਲਈ ਫਿਕਰ ਵਾਲੀ ਗੱਲ ਹੈ। ਇਸ ਲਈ ਕੱਲ੍ਹ ਡਾ: ਹੈਨਰੀ ਵੱਲੋਂ ਸਿਹਤ ਬਾਰੇ ਨਵੇਂ ਹੁਕਮ ਜਾਰੀ ਕੀਤੇ ਗਏ ਹਨ ਅਤੇ ਮੈਂ ਉਨ੍ਹਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਸਾਡੇ ਲਈ ਕੀ ਅਰਥ ਹੈ। ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਹਤ ਬਾਰੇ ਉਨ੍ਹਾਂ ਨਵੇਂ ਹੁਕਮਾਂ ਬਾਰੇ ਅਸਲੀਅਤ ਵਿੱਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਹੈ। ਮਾਸਕ ਪਾਉਣ ਦੀ ਮਹੱਤਤਾ ਉੱਪਰ ਜ਼ੋਰ ਦਿੱਤਾ ਗਿਆ ਹੈ। ਕਿਰਪਾ ਕਰਕੇ ਮਾਸਕ ਪਹਿਨੋ। ਹਰ ਇਕ ਨੂੰ ਯਾਦ ਕਰਾਇਆ ਗਿਆ ਹੈ ਕਿ ਜੇ ਤੁਹਾਡੇ ਵਿੱਚ ਵਾਇਰਸ ਦੇ ਲੱਛਣ ਦਿਖਾਈ ਦੇ ਰਹੇ ਹੋਣ ਤਾਂ ਘਰ ਰਹੋ। ਜੇ ਤੁਹਾਡੇ ਵਿੱਚ ਉਹ ਲੱਛਣ ਦਿਖਾਈ ਦੇ ਰਹੇ ਹੋਣ ਜਾਂ ਤੁਸੀਂ ਬੀਮਾਰ ਹੋਵੋ ਤਾਂ ਕੰਮ 'ਤੇ ਨਾ ਆਉ। ਸਟਾਫ ਦੇ ਮੈਂਬਰਾਂ ਅਤੇ ਸਾਨੂੰ ਸਾਰਿਆਂ ਨੂੰ ਸਟਾਫ ਰੂਮਾਂ, ਕਿਚਨਾਂ ਅਤੇ ਉਨ੍ਹਾਂ ਥਾਂਵਾਂ 'ਤੇ ਖਬਰਦਾਰ ਹੋਣ ਦੀ ਲੋੜ ਹੈ ਜਿੱਥੇ ਬ੍ਰੇਕਾਂ ਅਤੇ ਛੁੱਟੀ ਦੇ ਸਮਿਆਂ ਦੌਰਾਨ ਬਾਲਗ ਲੋਕ ਇਕੱਤਰ ਹੁੰਦੇ ਹਨ। ਹੁਕਮ ਕੱਲ ਹੀ ਆਏ ਹਨ ਅਤੇ ਅਸੀਂ ਉਨ੍ਹਾਂ ਨੂੰ ਧਿਆਨ ਨਾਲ ਸਮਝ ਰਹੇ ਹਾਂ ਅਤੇ ਉਹ ਸਾਡੇ ਇਲਾਕੇ ਵੈਨਕੂਵਰ ਕੋਸਟਲ ਅਤੇ ਫਰੇਜ਼ਰ ਹੈਲਥ ਲਈ ਹਨ। ਇਹ ਹੁਕਮ ਖਾਸ ਤੌਰ 'ਤੇ ਸਕੂਲਾਂ ਨੂੰ ਖੁੱਲ੍ਹੇ ਰੱਖਣ ਅਤੇ ਸੁਰੱਖਿਅਤ ਰੱਖਣ ਲਈ ਹਨ, ਅਤੇ ਡਾ: ਹੈਨਰੀ ਨੇ ਕੱਲ੍ਹ ਆਪਣੀ ਗੱਲਬਾਤ ਦੌਰਾਨ ਇਸ ਬਾਰੇ ਵਿਸਥਾਰ ਵਿੱਚ ਗੱਲ ਕੀਤੀ ਸੀ। ਇਸ ਲਈ ਸਾਨੂੰ ਆਪਣੇ ਸਕੂਲਾਂ ਬਾਰੇ ਅੱਜ ਅਤੇ ਕੱਲ੍ਹ ਨੂੰ ਹੋਰ ਜਾਣਕਾਰੀ ਮਿਲੇਗੀ ਅਤੇ ਇਹ ਨਵੇਂ ਹੁਕਮ 23 ਨਵੰਬਰ ਤੱਕ ਲਾਗੂ ਰਹਿਣਗੇ।

ਇਹ ਮਹੱਤਵਪੂਰਨ ਹਫਤਾ ਹੈ, ਕਿਉਂਕਿ 11 ਨਵੰਬਰ ਨੂੰ ਰਿਮੈਂਬਰੈਂਸ ਡੇਅ ਹੈ ਅਤੇ ਫਿਰ 14 ਨਵੰਬਰ ਨੂੰ ਦਿਵਾਲੀ। ਇਹ ਅਜਿਹਾ ਸਮਾਂ ਹੈ ਜਦੋਂ ਆਮ ਤੌਰ 'ਤੇ ਅਸੀਂ ਇਕੱਠੇ ਹੁੰਦੇ ਹਾਂ, ਪਰ ਸਾਡੇ ਮੌਜੂਦਾ ਸੰਦਰਭ ਵਿੱਚ ਡਾ: ਹੈਨਰੀ ਸਾਡੇ ਇਕੱਠੇ ਹੋਣ ਅਤੇ ਮਿਲਣ-ਗਿਲਣ ਦੇ ਆਮ ਨਿੱਤਨੇਮਾਂ ਵਿੱਚ ਵੱਡੀਆਂ ਤਬਦੀਲੀਆਂ ਦੀ ਮੰਗ ਕਰ ਰਹੀ ਹੈ।

ਅਤੇ ਹੁਣ ਸਮਾਂ ਬੀਤਣ 'ਤੇ ਅਸੀਂ ਆਪਣੇ ਸਕੂਲਾਂ ਵਿੱਚ ਕੀ ਦੇਖਿਆ ਹੈ, ਅਤੇ ਤੁਸੀਂ ਜਾਣਦੇ ਹੋ ਕਿ ਸਰੀ ਵਿੱਚ ਵਾਇਰਸ ਨਾਲ ਸੰਪਰਕ ਵਿੱਚ ਆਉਣ ਬਾਰੇ ਕਾਫੀ ਸਾਰੇ ਨੋਟਿਸ ਭੇਜੇ ਗਏ ਹਨ। ਪਰ ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਸਾਡੇ ਸਕੂਲਾਂ ਵਿੱਚ ਵਾਇਰਸ ਨਾਲ ਸੰਪਰਕ ਵਿੱਚ ਆਉਣ ਦੇ 123 ਨੋਟਿਸ ਭੇਜੇ ਗਏ ਹਨ। ਵਾਇਰਸ ਦੇ ਫੈਲਣ ਬਾਰੇ ਕੀ ਸਥਿਤੀ ਹੈ। ਮੇਰੇ ਖਿਆਲ ਵਿੱਚ ਵਾਇਰਸ ਦੇ ਫੈਲਣ ਦੀ ਸਥਿਤੀ ਉਦੋਂ ਹੁੰਦੀ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਕਲਾਸਾਂ, ਪੂਰੀਆਂ ਕਲਾਸਾਂ, ਨੂੰ ਆਪਣੇ ਆਪ ਨੂੰ ਇਕਾਂਤਵਾਸ ਵਿੱਚ ਜਾਣ ਲਈ ਕਿਹਾ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੋਵਿਡ ਸਾਡੇ ਵਿਚਕਾਰ ਹੈ ਅਤੇ ਗਿਣਤੀ ਵੱਧ ਰਹੀ ਹੈ। ਮੇਰੇ ਵਿਸ਼ਵਾਸ ਅਨੁਸਾਰ ਅਸੀਂ ਜੋ ਦੇਖ ਰਹੇ ਹਾਂ, ਉਹ ਇਹ ਹੈ ਕਿ ਸਕੂਲਾਂ ਵਰਗੀਆਂ ਕੰਟਰੋਲ ਅਧੀਨ ਥਾਂਵਾਂ 'ਤੇ, ਜਿੱਥੇ ਸਿਹਤ ਨਾਲ ਸੰਬੰਧਤ ਮਾਪ ਅਤੇ ਸਫਾਈ ਨਾਲ ਸੰਬੰਧਤ ਨਿਯਮ ਲਾਗੂ ਹਨ ਅਤੇ ਜਿਨ੍ਹਾਂ ਦੀ ਅਸੀਂ ਹਰ ਰੋਜ਼ ਪਾਲਣਾ ਕਰਦੇ ਹਾਂ, ਅਸੀਂ ਇਸ ਨੂੰ ਕਾਬੂ ਵਿੱਚ ਰੱਖ ਰਹੇ ਹਾਂ। ਜੇ ਅਸੀਂ ਅਜਿਹਾ ਨਾ ਕਰ ਰਹੇ ਹੁੰਦੇ ਤਾਂ ਸਕੂਲਾਂ ਵਿੱਚ ਵਾਇਰਸ ਦੇ ਫੈਲਣ ਦੀਆਂ ਹੋਰ ਬਹੁਤ ਸਥਿਤੀਆਂ ਹੋਣੀਆਂ ਸਨ ਅਤੇ ਅਸੀਂ ਅਜਿਹਾ ਨਹੀਂ ਦੇਖ ਰਹੇ। ਮੈਂ ਇਹ ਨਹੀਂ ਕਹਿ ਰਿਹਾ ਕਿ ਇਸ ਤਰ੍ਹਾਂ ਨਹੀਂ ਵਾਪਰਿਆ, ਪਰ ਇਕ ਵਾਰ ਫਿਰ ਵਾਇਰਸ ਨਾਲ ਸੰਪਰਕ ਵਿੱਚ ਆਉਣ ਦੇ 123 ਨੋਟਿਸ ਅਤੇ ਖੁਦ ਨੂੰ ਇਕਾਂਤਵਾਸ ਵਿੱਚ ਰੱਖਣ ਦੇ ਸਿਰਫ ਤਿੰਨ ਕੇਸ ਹੀ ਹੋਏ ਹਨ। ਇਸ ਲਈ ਸਾਨੂੰ ਸਾਵਾਧਨ ਰਹਿਣ ਦੀ ਲੋੜ ਹੈ ਅਤੇ ਇਹ ਸਾਫ ਹੈ ਕਿ ਜਦੋਂ ਨਵੇਂ ਹੁਕਮਾਂ ਵਿੱਚ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਕਮਿਊਨਿਟੀ ਵਿੱਚ, ਖਾਸ ਕਰਕੇ ਫਰੇਜ਼ਰ ਹੈਲਥ ਵਿੱਚ, ਜਿੱਥੇ ਤੁਸੀਂ ਜਾਣਦੇ ਹੋ ਕਿ ਬਹੁਗਿਣਤੀ ਕੇਸ ਹੋਏ ਹਨ, ਇਹ ਫਿਕਰ ਵਾਲੀ ਗੱਲ ਹੈ। ਸਾਡੇ ਵਿੱਚੋਂ ਹਰ ਇਕ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਸਮੇਂ ਦੌਰਾਨ ਵਿਦਿਆਰਥੀ ਸਕੂਲਾਂ ਵਿੱਚ ਹਨ ਅਤੇ ਪੜ੍ਹਾਈ ਕਰ ਰਹੇ ਹਨ। ਮੈਂ ਹਰ ਰੋਜ਼ ਸਾਰੇ ਜ਼ਿਲ੍ਹੇ ਵਿੱਚ ਸਾਡੇ ਸਕੂਲਾਂ ਅਤੇ ਕਲਾਸਰੂਮਾਂ ਵਿੱਚ ਵਾਪਰ ਰਹੀਆਂ ਸ਼ਾਨਦਾਰ ਚੀਜ਼ਾਂ ਬਾਰੇ ਪੋਸਟਾਂ ਦੇਖਦਾ ਹਾਂ। ਕੋਵਿਡ ਦੇ ਬਾਵਜੂਦ ਸਕੂਲਾਂ ਵਿੱਚ ਹਰ ਰੋਜ਼ ਖੁਸ਼ੀ ਹੁੰਦੀ ਹੈ।

ਹਮੇਸ਼ਾਂ ਵਾਂਗ, ਮੈਂ ਆਪਣੇ ਸਟਾਫ ਮੈਂਬਰਾਂ ਵੱਲੋਂ ਨਵੇਂ ਢੰਗ ਨਾਲ ਅਤੇ ਨਵੇਂ ਨਿਯਮਾਂ ਅਧੀਨ ਪੜ੍ਹਾਈ ਕਰਵਾਏ ਜਾਣ ਲਈ ਕੀਤੇ ਜਾ ਰਹੇ ਹਰ ਕੰਮ ਦੀ ਸ਼ਲਾਘਾ ਕਰਦਾ ਹਾਂ ਅਤੇ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਾਡੇ ਸਕੂਲਾਂ ਦੇ ਖੁੱਲ੍ਹੇ ਰਹਿਣ ਦਾ ਸਾਡੇ ਬੱਚਿਆਂ ਅਤੇ ਸਾਡੇ ਭਾਈਚਾਰੇ ਲਈ ਬਹੁਤ ਵੱਡਾ ਮਹੱਤਵ ਹੈ। ਇਸ ਲਈ ਸਾਡੇ ਵਲੋਂ ਦਿੱਤੀ ਜਾਣ ਵਾਲੀ ਜਾਣਕਾਰੀ ਵੱਲ ਧਿਆਨ ਰੱਖਿਓ, ਅਸੀਂ ਜਿੰਨੀ ਛੇਤੀ ਹੁਕਮਾਂ ਬਾਰੇ ਹੋਰ ਵਿਸਤ੍ਰਿਤ ਜਾਣਕਾਰੀ ਨੂੰ ਸਮਝ ਲਵਾਂਗੇ ਉਨੀ ਛੇਤੀ ਹੀ ਤੁਹਾਨੂੰ ਇਸ ਬਾਰੇ ਹੋਰ ਜਾਣਕਾਰੀ ਦੇਵਾਂਗੇ ਅਤੇ ਇਹ ਦੱਸਾਂਗੇ ਕਿ ਉਨ੍ਹਾਂ ਦਾ ਕੀ ਅਰਥ ਹੈ। ਸੱਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ, ਜਿਵੇਂ ਤੁਸੀਂ ਕੱਲ੍ਹ ਡਾ: ਹੈਨਰੀ ਨੂੰ ਸੁਣਿਆ ਸੀ, ਇਹ ਹੁਕਮ ਸਕੂਲਾਂ ਨੂੰ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਨੂੰ ਖੁੱਲ੍ਹੇ ਰੱਖਣ ਲਈ ਹਨ। ਇਹ ਸਪਸ਼ਟ ਰੂਪ ਵਿੱਚ ਡਾ: ਹੈਨਰੀ ਦੀ ਕਾਰਜਨੀਤੀ ਅਤੇ ਸੁਨੇਹਾ ਹੈ ਅਤੇ ਉਹ ਤਰਕੀਬ ਹੈ ਜਿਸ ਰਾਹੀਂ ਉਹ ਸਾਡੇ ਸਕੂਲਾਂ ਨੂੰ ਸੁਰੱਖਿਅਤ ਰੱਖਣ ਦਾ ਇਰਾਦਾ ਰੱਖਦੀ ਹੈ।

ਆਪਣਾ ਖਿਆਲ ਰੱਖਿਓ। ਤੰਦਰੁਸਤ ਰਹਿਓ। ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼)